CS|2111

11622/NH

..... ਸਮੈਸਟਰ – ਪੰਜਵਾਂ

ਪੰਜਾਬੀ (ਮੁੱਢਲਾ ਗਿਆਨ) – BFT– 504

ਸਮਾਂ : ਤਿੰਨ ਘੰਟੇ

ਕੁੱਲ ਅੰਕ : 75

ਭਾਗ – ੳ

1. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨ ਕਰੋ । 2×8 = 16

16

1. 'ਪਿੰਡ ਦੀਆਂ ਰੌਣਕਾਂ' ਲੇਖ ਵਿੱਚ ਪਿੰਡ ਵਿੱਚ ਹੁੰਦੇ ਜਲਸਿਆਂ ਬਾਰੇ ਕੀ ਕਿਹਾ ਗਿਆ ਹੈ ?
2. ਸੋਹਣੀ ਮਹੀਵਾਲ ਦੀ ਪ੍ਰੀਤ ਕਥਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।
3. 'ਦੇਸ਼ ਤੇ ਲੋਕ ' ਲੇਖ ਦਾ ਲੇਖਕ ਕੌਣ ਹੈ? ਇਸ ਦਾ ਵਿਸ਼ਾ ਸਪੱਸ਼ਟ ਕਰੋ।
4. ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਬਾਰੇ ਲਿਖੋ ।
5. ਸਰਦਾਰ ਭਗਤ ਸਿੰਘ ਬਾਰੇ ਲਿਖੋ ।

2. ਹੇਠ ਲਿਖੇ ਕਿਸੇ ਇੱਕ ਵਿਸ਼ੇ ਉੱਤੇ ਲੇਖ ਲਿਖੋ । 1×9 = 9

(ੳ) ਵਾਤਾਵਰਣ ਦੀ ਸਾਂਭ-ਸੰਭਾਲ

(ਅ) ਸਮਾਜ ਵਿੱਚ ਨਾਰੀ ਦੀ ਬਦਲ ਰਹੀ ਸਥਿਤੀ

(ੲ) ਸਾਡੇ ਮੇਲੇ

3. ਹੇਠ ਲਿਖਿਆਂ ਵਿੱਚੋਂ 10 ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕਾਂ ਵਿੱਚ ਵਰਤੋ । 10×2 = 20

| | | | |
|---|---|---|---|
| 1) | ਅੱਖਾਂ ਵਿੱਚ ਰੜਕਣਾ | 9) | ਹੱਥ ਬੰਨਣੇ |
| 2) | ਵਾਲ ਵਿੰਗਾ ਨਾ ਹੋਣਾ | 10) | ਕੰਨਾਂ ਦਾ ਕੱਚਾ |
| 3) | ਉੱਚਾ ਨੀਵਾਂ ਬੋਲਣਾ | 11) | ਗਿਲਾ ਪੀਹਣ ਪਾਉਣਾ |
| 4) | ਦਿਨ ਰਾਤ ਇੱਕ ਕਰਨਾ | 12) | ਤੱਤੀਆਂ ਠੰਢੀਆਂ ਸੁਣਾਉਣਾ |
| 5) | ਖ਼ੂਨ ਖੋਲਣਾ | 13) | ਜਿੰਦ ਵਾਰਨੀ |
| 6) | ਡੰਡੇ ਵਜਾਉਣਾ | 14) | ਚਾਰ ਸੌ ਵੀਹ ਕਰਨਾ |
| 7) | ਈਨ ਮੰਨਣੀ | 15) | ਨੱਕ ਵੱਢਣਾ |
| 8) | ਸਿਰ ਸਵਾਹ ਪਾਉਣੀ | | |

4. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :- 15×2 = 30

1. ਪੰਜਾਬ ਦੇ ਪੰਜ ਦਰਿਆਵਾਂ ਦੇ ਨਾਂ ਲਿਖੋ ।
2. ਹੀਰ ਰਾਂਝੇ ਦੀ ਕਥਾ ਦਾ ਅੰਤ ਕਿਵੇਂ ਹੁੰਦਾ ਹੈ ?
3. ' ਪੰਜਾਬ ਦੀਆਂ ਪ੍ਰੀਤ ਗਾਥਾਵਾਂ ' ਲੇਖ ਦਾ ਲੇਖਕ ਕੌਣ ਹੈ ?
4. ਦੁੱਲਾ ਭੱਟੀ ਕਿਸ ਮੁਗਲ ਸਮਰਾਟ ਦੇ ਸਮੇਂ ਦਾ ਲੋਕ ਨਾਇਕ ਸੀ ?
5. ਪੰਜਾਬ ਵਿੱਚ ਸਿੱਖਾਂ ਨੂੰ ਕਿਸ ਨੇ ਚੁਣ – ਚੁਣ ਕੇ ਮਾਰਿਆ ?
6. ਪੰਜਾਬ ਦੇ ਪੁਰਾਤਨ ਗ੍ਰੰਥ ਦਾ ਨਾਂ ਲਿਖੋ ।
7. ਜਸਵੰਤ ਜ਼ਫ਼ਰ ਦੇ ਲੇਖ ਦਾ ਨਾਂ ਦੱਸੋ ।
8. ਪਿੰਡ ਵਿੱਚ ਬਰਸਾਤ ਦੇ ਮੌਸਮ ਸਮੇਂ ਕਿਹੋ ਜਿਹਾ ਨਜ਼ਾਰਾ ਹੁੰਦਾ ਹੈ ?
9. ਪੋਹ ਦੇ ਮਹੀਨੇ ਕੀ ਖਾਣ ਵਿੱਚ ਆਨੰਦ ਆਉਂਦਾ ਹੈ ?
10. ਮਿਰਜ਼ੇ ਦੇ ਪਿਤਾ ਦਾ ਕੀ ਨਾਂ ਸੀ ? ਉਹ ਕਿੱਥੋ ਦਾ ਸਰਦਾਰ ਸੀ ?
11. ਸੋਹਣੀ ਕਿਹੜੇ ਦਰਿਆ ਵਿੱਚ ਡੁੱਬੀ ਸੀ ?
12. ਉਧਮ ਸਿੰਘ ਨੂੰ ਕਦੋਂ ਫਾਂਸੀ ਦੀ ਸਜਾ ਹੋਈ ?
13. ਕਰਤਾਰ ਸਿੰਘ ਸਰਾਭਾ ਦਾ ਜਨਮ ਕਦੋਂ ਹੋਇਆ ?
14. ਪੰਜਾਬ ਵਿੱਚ ਹੁਣ ਤੱਕ ਕਿੰਨੀਆਂ ਨਸਲਾਂ ਦੇ ਲੋਕ ਆ ਕੇ ਵਸੇ ?
15. ਸਿੱਖ ਰਾਜ ਦੀ ਸਥਾਪਨਾ ਕਿਸ ਨੇ ਕੀਤੀ ?

11622/NH